ਪੜ੍ਹਦੇ ਜਾਓ, ਵੱਧਦੇ ਜਾਓ
RASHTRIYA MADHYAMIK SHIKSHA ABHIYAN

ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ।
ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ, ਪੰਜਵੀ ਮੰਜਿਲ, ਫੇਜ਼ 8, ਐਸ.ਐਸ.ਏ ਨਗਰ (ਮੁਹਾਲੀ)72-5212569

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਪੰਜਾਬ,
2. ਰਾਜ ਦੇ ਸਮੂਹ ਸਰਕਾਰੀ ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ।
(ਵੈਬਸਾਈਟ ਰਾਹੀਂ)

**ਮੀਮੋ ਨੰ: ਐਸ.ਐਸ.ਏ/ਮੀਡੀਆ/2017/** ੪੩੦੧ **ਮਿਤੀ:** ੨/੮/੨੦੧੭

**ਵਿਸ਼ਾ: ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਖਪਤਕਾਰ ਸਿੱਖਿਆ ਦੇਣ ਸਬੰਧੀ**

1. ਉਕਤ ਵਿਸ਼ੇ ਸਬੰਧੀ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ,ਪੰਜਾਬ ਸਰਕਾਰ ਵਲੋਂ ਪੰਜਾਬ ਵਿੱਚ ਸਕੂਲਾਂ ਦੇ ਮਾਧਿਅਮ ਰਾਹੀਂ ਖਪਤਕਾਰਾਂ ਵਿੱਚ ਜਾਗਰੂਕਤਾ ਲਿਆਉਣ ਲਈ ਕਿਹਾ ਗਿਆ ਹੈ।

2. ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਵੇਰ ਦੀ ਸਭਾ ਦੌਰਾਨ ਹਫ਼ਤੇ ਵਿੱਚ ਇੱਕ ਦਿਨ ਵਿਦਿਆਰਥੀਆਂ ਨੂੰ ਖਪਤਕਾਰ ਸਿੱਖਿਆ (Consumer Education) ਸਬੰਧੀ ਹੇਠ ਦਰਸਾਏ ਨੁਕਤਿਆਂ ਤੇ ਜਾਣਕਾਰੀ ਦਿੰਦੇ ਹੋਏ ਜਾਗਰੂਕ ਕੀਤਾ ਜਾਵੇ ਅਤੇ ਵਿਦਿਆਰਥੀਆਂ ਨੂੰ ਪ੍ਰਸ਼ਨ ਪੁੱਛਣ ਲਈ ਵੀ ਪ੍ਰੇਰਿਤ ਕੀਤਾ ਜਾਵੇ:

- ਖਪਤਕਾਰਾਂ ਦੇ ਅਧਿਕਾਰਾਂ, ਡਿਊਟੀਆਂ ਦੀ ਬੁਨਿਆਦੀ ਸਮਝ
- ਉਹ ਤਰੀਕੇ ਜਿਨ੍ਹਾਂ ਵਿੱਚ ਉਪਭੋਗਤਾ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਸਕਦੀ ਹੈ
- ਖਪਤਕਾਰਾਂ ਦੇ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਅਤੇ ਨਿਯਮਕ ਸੰਸਥਾਵਾਂ ਦੇ ਵੇਰਵੇ ਜੋ ਉਲੰਘਣਾ ਦੇ ਮਾਮਲੇ ਵਿੱਚ ਮਦਦ ਕਰ ਸਕਦੇ ਹਨ
- ਕਿਸੇ ਉਤਪਾਦ/ਸੇਵਾ ਨੂੰ ਖਰੀਦਣ ਵੇਲੇ ਲੈਣ ਵਾਲੀ ਸਾਵਧਾਨੀ
- Bureau of Indian Standards ਦੇ ਮਾਨਕੀਕਰਨ ਅਤੇ ਭੂਮਿਕਾ ਦੀ ਮਹੱਤਤਾ
- ਆਈ.ਐਸ.ਆਈ, ਐਗਮਾਰਕ, ਐਫ.ਐਸ.ਐਸ.ਏ.ਆਈ, ਹਾਲਮਾਰਕ ਆਦਿ ਵਰਗੇ ਸੰਕੇਤਾਂ ਦਾ ਅਰਥ
- ਖਰੀਦਣ ਜਾਂ ਸੇਵਾ ਦਾ ਲਾਭ ਲੈਣ ਵੇਲੇ ਬਿਲ/ਮੀਮੋ ਲੈਣ ਦੀ ਮਹੱਤਤਾ

3. ਉਕਤ ਕਾਰਜ਼ ਨੂੰ ਜਿਲਾ ਗਾਇਡੰਸ ਕੌਂਸਲਰ ਸਬੰਧਤ ਜਿਲ੍ਹਿਆਂ ਵਿੱਚ ਕਲਸਟਰ ਗਾਇਡੰਸ ਰਿਸੋਰਸ਼ ਪਰਸਨ ਰਾਹੀਂ ਲਾਗੂ/ਮਾਨੀਟਰ ਕਰਨ ਗੇ। ਜਿਨ੍ਹਾ ਜਿਲ੍ਹਿਆਂ ਵਿੱਚ ਜਿਲਾ ਗਾਇਡੰਸ ਕੌਂਸਲਰ ਮੌਜੂਦ ਨਹੀਂ ਹਨ,ਉਹਨਾ ਵਿੱਚ ਸੰਬੰਧਤ ਸਕੂਲ ਮੁੱਖੀ ਇਸ ਕਾਰਜ਼ ਲਈ ਕਿਸੇ ਅਧਿਆਪਕ ਦੀ ਡਿਊਟੀ ਲਗਾਉਣ ਗੇ।

4. ਉਕਤ ਸਬੰਧੀ ਕਾਰਵਾਈ ਕਰ ਕੇ ਰਿਪੋਰਟ media.consumereducation@gmail.com 'ਤੇ ਭੇਜਣੀ ਯਕੀਨੀ ਬਣਾਈ ਜਾਵੇ।

5. ਇਸ ਨੂੰ ਅਤਿ ਜਰੂਰੀ ਸਮਝਦੇ ਹੋਏ ਲਾਗੂ ਕਰਵਾਉਣ ਦੀ ਸਮੂਚੀ ਜਿੰਮੇਵਾਰੀ ਸੰਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਦੀ ਹੋਵੇਗੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ।

ਪਿੱਠ ਅੰਕਣ ਨੰ: ਰਮਸਅ/ਮੀਡੀਆ/2017/ ਮਿਤੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਉਪ ਸਕੱਤਰ, ਖੁਰਾਕ ਸਪਲਾਈਜ਼,ਪੰਜਾਬ

28/7/17

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ।